ਮਿੱਠੇ ਬੱਚੇ:- ਤੁਹਾਨੂੰ ਗ੍ਰਹਿਸਥ ਵਿਵਹਾਰ ਵਿੱਚ ਰਹਿੰਦੇ ਕਮਲ ਫੁੱਲ ਸਮਾਨ ਪਵਿੱਤਰ ਬਣਨਾ ਹੈ , ਇੱਕ ਬਾਪ ਦੀ ਮੱਤ ਤੇ ਚਲਣਾ ਹੈ , ਕੋਈ ਵੀ ਡਿਸ - ਸਰਵਿਸ ਨਹੀਂ ਕਰਨੀ ਹੈ।

ਪ੍ਰਸ਼ਨ:- ਕਿਨ੍ਹਾਂ ਬੱਚਿਆਂ ਨੂੰ ਮਾਇਆ ਜ਼ੋਰ ਨਾਲ ਆਪਣਾ ਪੰਜਾ ਮਾਰਦੀ ਹੈ? ਵੱਡੀ ਮੰਜ਼ਿਲ ਕਿਹੜੀ ਹੈ?

ਉੱਤਰ:- ਜੋ ਬੱਚੇ ਦੇਹ - ਅਭਿਮਾਨ ਵਿੱਚ ਰਹਿੰਦੇ ਹਨ ਉਨ੍ਹਾਂ ਨੂੰ ਮਾਇਆ ਜ਼ੋਰ ਨਾਲ ਪੰਜਾ ਮਾਰ ਦਿੰਦੀ ਹੈ, ਫਿਰ ਨਾਮ - ਰੂਪ ਵਿੱਚ ਫੱਸ ਪੈਂਦੇ ਹਨ। ਦੇਹ - ਅਭਿਮਾਨ ਆਇਆ ਅਤੇ ਥੱਪੜ ਲੱਗਿਆ, ਇਸ ਨਾਲ ਪਦਵੀ ਭ੍ਰਿਸ਼ਟ ਹੋ ਜਾਂਦੀ ਹੈ। ਦੇਹ - ਅਭਿਮਾਨ ਤੋੜਨਾ ਇਹ ਹੀ ਵੱਡੀ ਮੰਜ਼ਿਲ ਹੈ। ਬਾਬਾ ਕਹਿੰਦੇ ਹਨ ਬੱਚੇ ਦੇਹੀ - ਅਭਿਮਾਨੀ ਬਣੋ। ਜਿਵੇਂ ਬਾਪ ਓਬੀਡੀਐਂਟ ਸਰਵੈਂਟ ਹੈ, ਕਿੰਨਾ ਨਿਰਹੰਕਾਰੀ ਹੈ, ਇਵੇਂ ਨਿਰਹੰਕਾਰੀ ਬਣੋ, ਕੋਈ ਵੀ ਹੰਕਾਰ ਨਾ ਹੋਵੇ।

ਗੀਤ:- ਨਾ ਵੋ ਹਮ ਸੇ ਜੁਦਾ ਹੋਂਵੇਗੇ...

ਓਮ ਸ਼ਾਂਤੀ। ਬੱਚਿਆਂ ਨੇ ਗੀਤ ਸੁਣਿਆ। ਬੱਚੇ ਕਹਿੰਦੇ ਹਨ ਅਸੀਂ ਬਾਬਾ ਦੇ ਸੀ ਅਤੇ ਬਾਬਾ ਸਾਡਾ ਸੀ, ਜੱਦ ਮੂਲਵਤਨ ਵਿੱਚ ਸੀ। ਤੁਸੀਂ ਬੱਚਿਆਂ ਨੂੰ ਗਿਆਨ ਤਾਂ ਚੰਗੀ ਰੀਤੀ ਮਿਲਿਆ ਹੈ। ਤੁਸੀਂ ਜਾਣਦੇ ਹੋ ਅਸੀਂ ਚੱਕਰ ਲਗਾਇਆ ਹੈ। ਹੁਣ ਫਿਰ ਅਸੀਂ ਉਨ੍ਹਾਂ ਦੇ ਬਣੇ ਹਾਂ। ਉਹ ਆਇਆ ਹੈ ਰਾਜਯੋਗ ਸਿਖਾਕੇ ਸ੍ਵਰਗ ਦਾ ਮਾਲਿਕ ਬਣਾਉਣ। ਕਲਪ ਪਹਿਲੇ ਮੁਅਫਿਕ ਫਿਰ ਆਇਆ ਹੈ। ਹੁਣ ਬਾਪ ਕਹਿੰਦੇ ਹਨ ਹੇ ਬੱਚੇ, ਤਾਂ ਬੱਚੇ ਹੋਕੇ ਇੱਥੇ ਮਧੁਬਨ ਵਿੱਚ ਨਹੀਂ ਬੈਠ ਜਾਣਾ ਹੈ। ਤੁਸੀਂ ਆਪਣੇ ਗ੍ਰਹਿਸਥ ਵਿਵਹਾਰ ਵਿੱਚ ਰਹਿੰਦੇ ਕਮਲ ਫੁਲ ਸਮਾਨ ਪਵਿੱਤਰ ਰਹੋ। ਕਮਲ ਦਾ ਫੁਲ ਪਾਣੀ ਵਿੱਚ ਰਹਿੰਦਾ ਹੈ ਪਰ ਪਾਣੀ ਤੋਂ ਉੱਪਰ ਰਹਿੰਦਾ ਹੈ। ਉਸ ਤੇ ਪਾਣੀ ਲੱਗਦਾ ਨਹੀਂ ਹੈ। ਬਾਪ ਕਹਿੰਦੇ ਹਨ ਤੁਹਾਨੂੰ ਰਹਿਣਾ ਘਰ ਵਿੱਚ ਹੀ ਹੈ ਸਿਰਫ ਪਵਿੱਤਰ ਬਣਨਾ ਹੈ। ਇਹ ਤੁਹਾਡਾ ਬਹੁਤ ਜਨਮਾਂ ਦੇ ਅੰਤ ਦਾ ਜਨਮ ਹੈ। ਜੋ ਵੀ ਮਨੁੱਖ - ਮਾਤਰ ਹਨ ਉਨ੍ਹਾਂ ਸਭ ਨੂੰ ਪਾਵਨ ਬਣਾਉਣ ਮੈਂ ਆਇਆ ਹਾਂ। ਪਤਿਤ - ਪਾਵਨ ਸਰਵ ਦਾ ਸਦਗਤੀ ਦਾਤਾ ਇੱਕ ਹੀ ਹੈ। ਉਸ ਦੇ ਸਿਵਾਏ ਪਾਵਨ ਕੋਈ ਬਣਾ ਨਹੀਂ ਸਕਦਾ। ਤੁਸੀਂ ਜਾਣਦੇ ਹੋ ਅੱਧਾਕਲਪ ਤੋਂ ਅਸੀਂ ਸੀੜੀ ਉਤਰਦੇ ਆਏ ਹਾਂ। 84 ਜਨਮ ਤੁਹਾਨੂੰ ਜਰੂਰ ਪੂਰੇ ਕਰਨੇ ਹਨ ਅਤੇ 84 ਦਾ ਚੱਕਰ ਪੂਰਾ ਕਰ ਜੱਦ ਫਿਰ ਜੜ੍ਹਜੜ੍ਹੀਭੂਤ ਅਵਸਥਾ ਨੂੰ ਪਾਉਂਦੇ ਹੋ ਤੱਦ ਮੈਨੂੰ ਆਉਣਾ ਪੈਂਦਾ ਹੈ। ਵਿੱਚਕਾਰ ਹੋਰ ਕੋਈ ਪਤਿਤ ਤੋਂ ਪਾਵਨ ਬਣਾ ਨਹੀਂ ਸਕਦਾ। ਕੋਈ ਵੀ ਨਾ ਬਾਪ ਨੂੰ, ਨਾ ਰਚਨਾ ਨੂੰ ਜਾਣਦੇ ਹਨ। ਡਰਾਮਾ ਅਨੁਸਾਰ ਸਭਨੂੰ ਕਲਯੁਗ ਵਿੱਚ ਪਤਿਤ ਤਮੋਪ੍ਰਧਾਨ ਬਣਨਾ ਹੀ ਹੈ। ਬਾਪ ਆਕੇ ਸਭ ਨੂੰ ਪਾਵਨ ਬਣਾਕੇ ਸ਼ਾਂਤੀਧਾਮ ਲੈ ਜਾਂਦੇ ਹਨ। ਅਤੇ ਤੁਸੀਂ ਬਾਪ ਤੋਂ ਸੁਖਧਾਮ ਦਾ ਵਰਸਾ ਪਾਉਂਦੇ ਹੋ। ਸਤਿਯੁਗ ਵਿੱਚ ਕੋਈ ਦੁੱਖ ਹੁੰਦਾ ਨਹੀਂ ਹੈ। ਹੁਣ ਤੁਸੀਂ ਜਿਉਂਦੇ ਜੀ ਬਾਪ ਦੇ ਬਣੇ ਹੋ। ਬਾਪ ਕਹਿੰਦੇ ਹਨ ਤੁਹਾਨੂੰ ਗ੍ਰਹਿਸਥ ਵਿਵਹਾਰ ਵਿੱਚ ਰਹਿਣਾ ਹੈ। ਬਾਬਾ ਕਦੀ ਕਿਸੇ ਨੂੰ ਕਹਿ ਨਹੀਂ ਸਕਦੇ ਹਨ ਕਿ ਤੁਸੀਂ ਘਰਬਾਰ ਛੱਡੋ। ਨਹੀਂ। ਗ੍ਰਹਿਸਥ ਵਿਵਹਾਰ ਵਿੱਚ ਰਹਿੰਦੇ ਸਿਰਫ ਅੰਤਿਮ ਜਨਮ ਪਵਿੱਤਰ ਬਣਨਾ ਹੈ। ਬਾਬਾ ਨੇ ਕਦੀ ਕਿਹਾ ਹੈ ਕੀ ਤੁਸੀਂ ਘਰਬਾਰ ਛੱਡੋ। ਨਹੀਂ। ਤੁਸੀਂ ਈਸ਼ਵਰੀ ਸੇਵਾ ਅਰਥ ਆਪ ਹੀ ਛੱਡਿਆ ਹੈ। ਕਈ ਬੱਚੇ ਹਨ ਘਰ ਗ੍ਰਹਿਸਥ ਵਿੱਚ ਰਹਿੰਦੇ ਵੀ ਈਸ਼ਵਰੀ ਸਰਵਿਸ ਕਰਦੇ ਹਨ। ਛੁਡਾਇਆ ਨਹੀਂ ਜਾਂਦਾ ਹੈ। ਬਾਬਾ ਕਿਸੇ ਨੂੰ ਵੀ ਛੁਡਾਉਂਦੇ ਨਹੀਂ ਹਨ। ਤੁਸੀਂ ਤਾਂ ਆਪ ਹੀ ਸਰਵਿਸ ਤੇ ਨਿਕਲੇ ਹੋ। ਬਾਬਾ ਨੇ ਕਿਸੇ ਨੂੰ ਛੁਡਾਇਆ ਨਹੀਂ ਹੈ। ਤੁਹਾਨੂੰ ਲੌਕਿਕ ਬਾਪ ਸ਼ਾਦੀ ਦੇ ਲਈ ਕਹਿੰਦੇ ਹਨ। ਤੁਸੀਂ ਨਹੀਂ ਕਰਦੇ ਹੋ ਕਿਓਂਕਿ ਤੁਸੀਂ ਜਾਣਦੇ ਹੋ ਕਿ ਹੁਣ ਮ੍ਰਿਤੂਲੋਕ ਦਾ ਅੰਤ ਹੈ। ਸ਼ਾਦੀ ਬਰਬਾਦੀ ਹੀ ਹੋਵੇਗੀ ਫਿਰ ਅਸੀਂ ਪਾਵਨ ਕਿਵੇਂ ਬਣਾਂਗੇ। ਅਸੀਂ ਕਿਓਂ ਨਾ ਭਾਰਤ ਨੂੰ ਸਵਰਗ ਬਣਾਉਣ ਦੀ ਸੇਵਾ ਵਿੱਚ ਲੱਗ ਜਾਈਏ। ਬੱਚੇ ਚਾਹੁੰਦੇ ਹਨ ਕਿ ਰਾਮਰਾਜ ਹੋਵੇ। ਪੁਕਾਰਦੇ ਹਨ ਨਾ - ਹੇ ਪਤਿਤ - ਪਾਵਨ ਸੀਤਾਰਾਮ। ਹੇ ਰਾਮ ਆਕੇ ਭਾਰਤ ਨੂੰ ਸ੍ਵਰਗ ਬਣਾਓ। ਕਹਿੰਦੇ ਵੀ ਹਨ ਪਰ ਸਮਝਦੇ ਕੁਝ ਨਹੀਂ ਹਨ। ਸੰਨਿਆਸੀ ਲੋਕ ਕਹਿੰਦੇ ਹਨ ਇਸ ਸਮੇਂ ਦਾ ਸੁੱਖ ਕਾਗ ਵਿਸ਼ਟਾ ਦੇ ਸਮਾਨ ਹੈ। ਬਰੋਬਰ ਹੈ ਵੀ ਇਵੇਂ। ਇੱਥੇ ਸੁੱਖ ਤਾਂ ਹੈ ਹੀ ਨਹੀਂ। ਕਹਿੰਦੇ ਰਹਿੰਦੇ ਹਨ ਪਰ ਕਿਸ ਦੀ ਬੁੱਧੀ ਵਿੱਚ ਨਹੀਂ ਹੈ। ਬਾਪ ਕੋਈ ਦੁੱਖ ਦੇ ਲਈ ਇਹ ਸ੍ਰਿਸ਼ਟੀ ਥੋੜੀ ਰੱਚਦੇ ਹਨ। ਬਾਪ ਕਹਿੰਦੇ ਹਨ ਕੀ ਤੁਸੀਂ ਭੁੱਲ ਗਏ ਹੋ - ਸ੍ਵਰਗ ਵਿੱਚ ਦੁੱਖ ਦਾ ਨਾਮ ਨਿਸ਼ਾਨ ਨਹੀਂ ਰਹਿੰਦਾ ਹੈ। ਉੱਥੇ ਕੰਸ ਆਦਿ ਕਿੱਥੋਂ ਆਇਆ।

ਹੁਣ ਬੇਹੱਦ ਦਾ ਬਾਪ ਜੋ ਸੁਣਾਉਂਦੇ ਹਨ ਉਨ੍ਹਾਂ ਦੀ ਮੱਤ ਤੇ ਚਲਣਾ ਹੈ। ਆਪਣੀ ਮਨਮਤ ਤੇ ਚੱਲਣ ਨਾਲ ਬਰਬਾਦੀ ਕਰ ਦਿੰਦੇ ਹਨ। ਆਸ਼ਚਰਯਵਤ ਸੁੰਨਤੀ, ਕਥੰਤੀ, ਭਗੰਤੀ ਜਾਂ ਟ੍ਰੇਟਰ ਬਨੰਤੀ। ਕਿੰਨੀ ਜਾਕੇ ਡਿਸਸਰਵਿਸ ਕਰਦੇ ਹਨ। ਉਨ੍ਹਾਂ ਨੂੰ ਫਿਰ ਕੀ ਹੋਵੇਗਾ? ਹੀਰੇ ਵਰਗਾ ਜੀਵਨ ਬਣਾਉਣ ਬਦਲੇ ਕੌਡੀ ਮਿਸਲ ਬਣਾ ਦਿੰਦੇ ਹਨ। ਪਿਛਾੜੀ ਵਿੱਚ ਤੁਹਾਨੂੰ ਸਭ ਆਪਣਾ ਸਾਖ਼ਸ਼ਾਤਕਾਰ ਹੋਵੇਗਾ। ਇਵੇਂ ਚਲਣ ਦੇ ਕਾਰਨ ਇਹ ਪਦਵੀ ਪਾਈ। ਇੱਥੇ ਤਾਂ ਤੁਹਾਨੂੰ ਕੋਈ ਵੀ ਪਾਪ ਨਹੀਂ ਕਰਨਾ ਹੈ ਕਿਓਂਕਿ ਤੁਸੀਂ ਪੁੰਨਯ ਆਤਮਾ ਬਣਦੇ ਹੋ। ਪਾਪ ਦਾ ਫਿਰ ਸੋਗੁਣਾ ਦੰਡ ਹੋ ਜਾਵੇਗਾ। ਭਾਵੇਂ ਸ੍ਵਰਗ ਵਿੱਚ ਤਾਂ ਆਉਣਗੇ ਪਰ ਬਿਲਕੁਲ ਹੀ ਘੱਟ ਪਦਵੀ। ਇੱਥੇ ਤੁਸੀਂ ਰਾਜਯੋਗ ਸਿੱਖਣ ਆਏ ਹੋ ਫਿਰ ਪ੍ਰਜਾ ਬਣ ਜਾਂਦੇ ਹਨ। ਮਰਤਬੇ ਵਿੱਚ ਤਾਂ ਬਹੁਤ ਫਰਕ ਹੈ ਨਾ। ਇਹ ਵੀ ਸਮਝਾਇਆ ਹੈ - ਯਗਿਆ ਵਿਚ ਕੁਝ ਦਿੰਦੇ ਹਨ ਫਿਰ ਵਾਪਿਸ ਲੈ ਜਾਂਦੇ ਹਨ ਤਾਂ ਚੰਡਾਲ ਦਾ ਜਨਮ ਮਿਲਦਾ ਹੈ। ਕਈ ਬੱਚੇ ਫਿਰ ਚਲਣ ਵੀ ਇਵੇਂ ਚਲਦੇ ਹਨ, ਜੋ ਪਦਵੀ

ਘੱਟ ਹੋ ਜਾਂਦੀ ਹੈ।

ਬਾਬਾ ਸਮਝਾਉਂਦੇ ਹਨ ਅਜਿਹੇ ਕਰਮ ਨਹੀਂ ਕਰੋ ਜੋ ਰਾਜਾ ਰਾਣੀ ਦੇ ਬਦਲੇ ਪ੍ਰਜਾ ਵਿੱਚ ਵੀ ਘੱਟ ਪਦਵੀ ਮਿਲੇ। ਯਗਿਆ ਵਿੱਚ ਸਵਾਹਾ ਹੋਕੇ ਭਗੰਤੀ ਹੁੰਦੇ ਤਾਂ ਕੀ ਜਾਕੇ ਬਣਨਗੇ। ਇਹ ਵੀ ਬਾਪ ਸਮਝਾਉਂਦੇ ਹਨ ਬੱਚੇ, ਕੋਈ ਵੀ ਵਿਕਰਮ ਨਹੀਂ ਕਰੋ, ਨਹੀਂ ਤਾਂ ਸੌਗੁਣਾ ਸਜਾਵਾਂ ਮਿਲਣਗੀਆਂ। ਫਿਰ ਕਿਓਂ ਨੁਕਸਾਨ ਕਰਨਾ ਚਾਹੀਦਾ ਹੈ। ਇੱਥੇ ਰਹਿਣ ਵਾਲਿਆਂ ਨਾਲ ਵੀ ਜੋ ਘਰ ਗ੍ਰਹਿਸਥ ਵਿੱਚ ਰਹਿੰਦੇ ਹਨ, ਸਰਵਿਸ ਵਿੱਚ ਰਹਿੰਦੇ ਹਨ ਉਹ ਬਹੁਤ ਉੱਚ ਪਦਵੀ ਪਾਉਂਦੇ ਹਨ। ਅਜਿਹੇ ਬਹੁਤ ਗਰੀਬ ਹਨ, 8 ਆਣੇ ਜਾਂ ਰੁਪਿਆ ਭੇਜ ਦਿੰਦੇ ਹਨ ਅਤੇ ਜੋ ਭਾਵੇਂ ਇੱਥੇ ਹਜ਼ਾਰ ਵੀ ਦੇਣ ਤਾਂ ਵੀ ਗਰੀਬ ਦੀ ਉੱਚ ਪਦਵੀ ਹੋ ਜਾਂਦੀ ਹੈ ਕਿਓਂਕਿ ਉਹ ਕੋਈ ਪਾਪ ਕਰਮ ਨਹੀਂ ਕਰਦੇ ਹਨ। ਪਾਪ ਕਰਨ ਨਾਲ ਸੌਗੁਣਾ ਬਣ ਜਾਵੇਗਾ। ਤੁਹਾਨੂੰ ਪੁੰਨ ਆਤਮਾ ਬਣ ਸਭ ਨੂੰ ਸੁੱਖ ਦੇਣਾ ਹੈ। ਦੁੱਖ ਦਿੱਤਾ ਤਾਂ ਫਿਰ ਟ੍ਰਿਬਿਊਨਲ ਬੈਠਦੀ ਹੈ। ਸਾਖ਼ਸ਼ਾਤਕਰ ਹੁੰਦਾ ਹੈ ਕਿ ਤੁਸੀਂ ਇਹ - ਇਹ ਕੀਤਾ, ਹੁਣ ਖਾਓ ਸਜ਼ਾ। ਪਦਵੀ ਵੀ ਭ੍ਰਿਸ਼ਟ ਹੋ ਜਾਵੇਗੀ। ਸੁਣਦੇ ਵੀ ਰਹਿੰਦੇ ਹਨ ਫਿਰ ਵੀ ਕਈ ਬੱਚੇ ਉਲਟੀ ਚਲਣ ਚਲਦੇ ਰਹਿੰਦੇ ਹਨ। ਬਾਪ ਕਹਿੰਦੇ ਹਨ ਹਮੇਸ਼ਾ ਸ਼ੀਰਖੰਡ ਹੋਕੇ ਰਹੋ। ਜੇਕਰ ਲੂਨਪਾਣੀ ਹੋਕੇ ਰਹਿੰਦੇ ਹਨ ਤਾਂ ਬਹੁਤ ਡਿਸ ਸਰਵਿਸ ਕਰਦੇ ਹਨ। ਕਿਸੇ ਦੇ ਨਾਮ ਰੂਪ ਵਿੱਚ ਫੱਸ ਪੈਂਦੇ ਹਨ ਤਾਂ ਇਹ ਵੀ ਬਹੁਤ ਪਾਪ ਹੋ ਜਾਂਦਾ ਹੈ। ਮਾਇਆ ਜਿਵੇਂ ਇੱਕ ਚੂਹਾ ਹੈ, ਫੂੰਕ ਵੀ ਦਿੰਦੀ, ਕੱਟਦੀ ਵੀ ਰਹਿੰਦੀ, ਖ਼ੂਨ ਵੀ ਨਿਕਲ ਆਉਂਦਾ ਹੈ, ਪਤਾ ਵੀ ਨਹੀਂ ਪੈਂਦਾ। ਮਾਇਆ ਵੀ ਖ਼ੂਨ ਕੱਡ ਦਿੰਦੀ ਹੈ। ਅਜਿਹੇ ਕਰਮ ਕਰਵਾ ਦਿੰਦੀ ਹੈ ਜੋ ਪਤਾ ਵੀ ਨਹੀਂ ਪੈਂਦਾ। 5 ਵਿਕਾਰ ਇੱਕਦਮ ਸਿਰ ਮੁੰਡ ਲੈਂਦੇ ਹਨ। ਬਾਬਾ ਸਾਵਧਾਨੀ ਤਾਂ ਦੇਣਗੇ ਨਾ। ਇਵੇਂ ਨਾ ਹੋਵੇ ਜੋ ਫਿਰ ਟ੍ਰਿਬਿਊਨਲ ਦੇ ਸਾਹਮਣੇ ਕਹਿਣ ਕਿ ਸਾਨੂੰ ਸਾਵਧਾਨ ਥੋੜੀ ਕੀਤਾ। ਤੁਸੀਂ ਜਾਣਦੇ ਹੋ ਈਸ਼ਵਰ ਪੜ੍ਹਾਉਂਦੇ ਹਨ। ਖ਼ੁਦ ਕਿੰਨਾ ਨਿਰਹੰਕਾਰੀ ਹੈ। ਕਹਿੰਦੇ ਹਨ ਅਸੀਂ ਓਬੀਡੀਐਂਟ ਸਰਵੈਂਟ ਹਾਂ। ਕੋਈ - ਕੋਈ ਬੱਚਿਆਂ ਵਿੱਚ ਕਿੰਨਾ ਹੰਕਾਰ ਰਹਿੰਦਾ ਹੈ। ਬਾਬਾ ਦਾ ਬਣਕੇ ਫਿਰ ਇਵੇਂ - ਇਵੇਂ ਕਰਮ ਕਰਦੇ ਹਨ ਜੋ ਗੱਲ ਨਾ ਪੁੱਛੋ। ਇਸ ਨਾਲੋਂ ਤਾਂ ਜੋ ਬਾਹਰ ਗ੍ਰਹਿਸਥ ਵਿਵਹਾਰ ਵਿੱਚ ਰਹਿੰਦੇ ਹਨ ਉਹ ਬਹੁਤ ਉੱਚ ਚਲੇ ਜਾਂਦੇ ਹਨ। ਦੇਹ - ਅਭਿਮਾਨ ਆਉਂਦੇ ਹੀ ਮਾਇਆ ਜ਼ੋਰ ਨਾਲ ਪੰਜਾ ਮਾਰ ਦਿੰਦੀ ਹੈ। ਦੇਹ - ਅਭਿਮਾਨ ਤੋੜਨਾ ਵੱਡੀ ਮੰਜ਼ਿਲ ਹੈ। ਦੇਹ - ਅਭਿਮਾਨ ਆਇਆ ਅਤੇ ਥੱਪੜ ਲੱਗਿਆ। ਤਾਂ ਦੇਹ - ਅਭਿਮਾਨ ਵਿੱਚ ਆਉਣਾ ਹੀ ਕਿਓਂ ਚਾਹੀਦਾ ਹੈ ਜੋ ਪਦਵੀ ਭ੍ਰਿਸ਼ਟ ਹੋ ਜਾਵੇ। ਇਵੇਂ ਨਾ ਹੋਵੇ ਉੱਥੇ ਜਾਕੇ ਝਾੜੂ ਲਗਾਉਣਾ ਪਵੇ। ਹੁਣ ਜੇਕਰ ਬਾਬਾ ਤੋਂ ਕੋਈ ਪੁੱਛੇ ਤਾਂ ਬਾਬਾ ਦੱਸ ਸਕਦੇ ਹਨ। ਖ਼ੁਦ ਵੀ ਸਮਝ ਸਕਦੇ ਹਨ ਕਿ ਮੈਂ ਕਿੰਨੀ ਸੇਵਾ ਕਰਦਾ ਹਾਂ। ਅਸੀਂ ਕਿੰਨਿਆਂ ਨੂੰ ਸੁੱਖ ਦਿੱਤਾ ਹੈ। ਬਾਬਾ, ਮੰਮਾ ਸਭ ਨੂੰ ਸੁੱਖ ਦਿੰਦੇ ਹਨ। ਕਿੰਨਾ ਖੁਸ਼ੀ ਹੁੰਦੇ ਹਨ। ਬਾਬਾ ਬੋਮਬੇ ਵਿੱਚ ਕਿੰਨਾ ਗਿਆਨ ਦੀ ਡਾਂਸ ਕਰਦੇ ਸਨ, ਚਾਤ੍ਰਿਕ ਬਹੁਤ ਸੀ ਨਾ। ਬਾਪ ਕਹਿੰਦੇ ਹਨ ਬਹੁਤ ਚਾਤ੍ਰਿਕ ਦੇ ਸਾਹਮਣੇ ਗਿਆਨ ਦੀ ਡਾਂਸ ਕਰਦਾ ਹਾਂ ਤਾਂ ਚੰਗੀ - ਚੰਗੀ ਪੁਆਇੰਟਸ ਨਿਕਲਦੀ ਹੈ। ਚਾਤ੍ਰਿਕ ਖਿੱਚਦੇ ਹਨ। ਤੁਹਾਨੂੰ ਵੀ ਇਵੇਂ ਬਣਨਾ ਹੈ ਤਾਂ ਤੇ ਫਾਲੋ ਕਰਨਗੇ। ਸ਼੍ਰੀਮਤ ਤੇ ਚਲਣਾ ਹੈ। ਆਪਣੀ ਮਤ ਤੇ ਚੱਲਕੇ ਬਦਨਾਮੀ ਕਰ ਦਿੰਦੇ ਹਨ ਤਾਂ ਬਹੁਤ ਨੁਕਸਾਨ ਹੋ ਪੈਂਦਾ ਹੈ। ਹੁਣ ਬਾਪ ਤੁਹਾਨੂੰ ਸਮਝਦਾਰ ਬਣਾਉਂਦੇ ਹਨ। ਭਾਰਤ ਸ੍ਵਰਗ ਸੀ ਨਾ। ਹੁਣ ਇਵੇਂ ਕੋਈ ਥੋੜੀ ਸਮਝਦਾ ਹੈ। ਭਾਰਤ ਵਰਗਾ ਪਾਵਨ ਕੋਈ ਦੇਸ਼ ਨਹੀਂ। ਕਹਿੰਦੇ ਹਨ ਪਰ ਸਮਝਦੇ ਨਹੀਂ ਹਨ ਕਿ ਅਸੀਂ ਭਾਰਤਵਾਸੀ ਸ੍ਵਰਗਵਾਸੀ ਸੀ, ਉੱਥੇ ਅਥਾਹ ਸੁੱਖ ਸੀ। ਗੁਰੂਨਾਨਕ ਨੇ ਭਗਵਾਨ ਦੀ ਮਹਿਮਾ ਗਾਈ ਹੈ ਕਿ ਉਹ ਆਕੇ ਮੂਤ ਪਲੀਤੀ ਕਪੜੇ ਧੋਂਦੇ ਹਨ। ਜਿਸ ਦੀ ਹੀ ਮਹਿਮਾ ਹੈ ਇੱਕ ਉਂਕਾਰ... ਸ਼ਿਵਲਿੰਗ ਦੇ ਬਦਲੇ ਅਕਾਲਤਖਤ ਨਾਮ ਰੱਖ ਦਿੱਤਾ ਹੈ। ਹੁਣ ਬਾਪ ਤੁਹਾਨੂੰ ਸਾਰੀ ਸ੍ਰਿਸ਼ਟੀ ਦਾ ਰਾਜ ਸਮਝਾਉਂਦੇ ਹਨ। ਬੱਚੇ ਇੱਕ ਵੀ ਪਾਪ ਨਹੀਂ ਕਰਨਾ, ਨਹੀਂ ਤਾਂ ਸੌਗੁਣਾ ਹੋ ਜਾਵੇਗਾ। ਮੇਰੀ ਨਿੰਦਾ ਕਰਵਾਈ ਤਾਂ ਪਦਵੀ ਭ੍ਰਿਸ਼ਟ ਹੋ ਜਾਵੇਗੀ। ਬਹੁਤ ਸੰਭਾਲ ਕਰਨੀ ਹੈ। ਆਪਣਾ ਜੀਵਨ ਹੀਰੇ ਵਰਗਾ ਬਣਾਓ। ਨਹੀਂ ਤਾਂ ਬਹੁਤ ਪਛਤਾਉਣਗੇ। ਜੋ ਕੁਝ ਉਲਟਾ ਕੀਤਾ ਹੈ ਉਹ ਅੰਦਰ ਵਿੱਚ ਖਾਂਦਾ ਰਹੇਗਾ। ਕੀ ਕਲਪ - ਕਲਪ ਅਸੀਂ ਇਵੇਂ ਕਰਾਂਗੇ ਜਿਸ ਤੋਂ ਨੀਚ ਪਦਵੀ ਪਾਵਾਂਗੇ। ਬਾਪ ਕਹਿੰਦੇ ਹਨ ਮਾਤਾ - ਪਿਤਾ ਨੂੰ ਫਾਲੋ ਕਰਨਾ ਚਾਹੁੰਦੇ ਹੋ ਤਾਂ ਸਚਾਈ ਨਾਲ ਸਰਵਿਸ ਕਰੋ। ਮਾਇਆ ਤਾਂ ਕਿੱਥੇ ਨਾ ਕਿੱਥੇ ਤੋਂ ਘੁਸਕੇ ਆਵੇਗੀ। ਸੈਂਟਰਜ਼ ਦੀ ਹੇਡਸ ਨੂੰ ਬਿਲਕੁਲ ਨਿਰਹੰਕਾਰੀ ਹੋਕੇ ਰਹਿਣਾ ਹੈ। ਬਾਪ ਵੇਖੋ ਕਿੰਨਾ ਨਿਰਹੰਕਾਰੀ ਹੈ। ਕਈ ਬੱਚੇ ਦੂਜਿਆਂ ਤੋਂ ਸਰਿਵਸ ਲੈਂਦੇ ਹਨ। ਬਾਪ ਕਿੰਨਾ ਨਿਰਹੰਕਾਰੀ ਹੈ। ਕਦੀ ਕਿਸੀ ਤੇ ਗੁੱਸਾ ਨਹੀਂ ਕਰਦੇ। ਬੱਚੇ ਜੇ ਨਾਫ਼ਰਮਾਂਬਰਦਾਰ ਹੋਣ ਤਾਂ ਬਾਪ ਉਨ੍ਹਾਂ ਨੂੰ ਸਮਝ ਤਾਂ ਸਕਦੇ ਹਨ। ਤੁਸੀਂ ਕੀ ਕਰਦੇ ਹੋ, ਬੇਹੱਦ ਦਾ ਬਾਪ ਹੀ ਜਾਣਦੇ ਹਨ। ਸਭ ਬੱਚੇ ਇੱਕ ਸਮਾਨ ਸਪੂਤ ਨਹੀਂ ਹੁੰਦੇ, ਕਪੂਤ ਵੀ ਹੁੰਦੇ ਹਨ। ਬਾਬਾ ਸਮਝਾਉਣੀ ਦਿੰਦੇ ਹਨ। ਢੇਰ ਬੱਚੇ ਹਨ। ਇਹ ਤਾਂ ਵ੍ਰਿਧੀ ਨੂੰ ਪਾਉਂਦੇ ਹਜ਼ਾਰਾਂ ਦੀ ਅੰਦਾਜ ਵਿੱਚ ਹੋ ਜਾਣਗੇ। ਤਾਂ ਬਾਪ ਬੱਚਿਆਂ ਨੂੰ ਸਾਵਧਾਨੀ ਵੀ ਦਿੰਦੇ ਹਨ, ਕੋਈ ਗ਼ਫ਼ਲਤ ਨਹੀਂ ਕਰੋ। ਇੱਥੇ ਪਤਿਤ ਤੋਂ ਪਾਵਨ ਬਣਨ ਆਏ ਹੋ ਤਾਂ ਕੋਈ ਵੀ ਪਤਿਤ ਕੰਮ ਨਹੀਂ ਕਰੋ। ਨਾ ਨਾਮ ਰੂਪ ਵਿੱਚ ਫਸਣਾ ਹੈ, ਨਾ ਦੇਹ - ਅਭਿਮਾਨ ਵਿੱਚ ਆਉਣਾ ਹੈ। ਦੇਹੀ - ਅਭਿਮਾਨੀ ਹੋ ਬਾਪ ਨੂੰ ਯਾਦ ਕਰਦੇ ਰਹੋ। ਸ਼੍ਰੀਮਤ ਤੇ ਚਲਦੇ ਰਹੋ। ਮਾਇਆ ਬਹੁਤ ਪ੍ਰਬਲ ਹੈ। ਬਾਬਾ ਸਭ ਕੁਝ ਸਮਝਾ ਦਿੰਦੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬਾਪ ਸਮਾਨ ਨਿਰਹੰਕਾਰੀ ਬਣਨਾ ਹੈ। ਕਿਸੀ ਤੋਂ ਸੇਵਾ ਨਹੀਂ ਲੈਣੀ ਹੈ। ਕਿਸੀ ਨੂੰ ਦੁੱਖ ਨਹੀਂ ਦੇਣਾ ਹੈ। ਇਵੇਂ ਕੋਈ ਪਾਪ ਕਰਮ ਨਾ

ਹੋਵੇ, ਜਿਸ ਦੀ ਸਜਾ ਖਾਣੀ ਪਵੇ। ਆਪਸ ਵਿੱਚ ਸ਼ੀਰਖੰਡ ਹੋਕੇ ਰਹਿਣਾ ਹੈ।

2. ਇੱਕ ਬਾਪ ਦੀ ਸ਼੍ਰੀਮਤ ਤੇ ਚਲਣਾ ਹੈ, ਆਪਣੀ ਮਤ ਤੇ ਨਹੀਂ।

ਵਰਦਾਨ:- ਸੈਕਿੰਡ ਵਿਚ ਦੇਹ ਰੂਪੀ ਚੋਲੇ ਤੋਂ ਨਿਆਰਾ ਬਣ ਕਰਮ ਭੋਗ ਤੇ ਵਿਜੇ ਪ੍ਰਾਪਤ ਕਰਨ ਵਾਲੇ ਸਰਵ ਸ਼ਕਤੀ ਸੰਪੰਨ ਭਵ। ਜਦੋਂ ਕਰਮਭੋਗ ਦਾ ਜ਼ੋਰ ਹੁੰਦਾ ਹੈ, ਕਰਮਿੰਦ੍ਰਿਆਂ ਕਰਮਭੋਗ ਦੇ ਵਸ਼ ਆਪਣੀ ਵੱਲ ਆਕਰਸ਼ਿਤ ਕਰਦੀਆਂ ਹਨ ਮਤਲਬ ਜਿਸ ਵੇਲੇ ਬਹੁਤ ਦਰਦ ਹੋ ਰਿਹਾ ਹੋਵੇ, ਅਜਿਹੇ ਵਕਤ ਤੇ ਕਰਮਭੋਗ ਨੂੰ ਕਰਮਯੋਗ ਵਿਚ ਪਰਿਵਰਤਨ ਕਰਨ ਵਾਲੇ, ਸਾਕਸ਼ੀ ਹੋਕੇ ਕਰਮਿੰਦ੍ਰਿਆ ਨਾਲ ਭਿਗਵਾਉਣ ਵਾਲੇ ਹੀ ਸਰਵ ਸ਼ਕਤੀ ਸੰਪੰਨ ਅਸ਼ਟ ਰਤਨ ਵਿਜੇਈ ਕਹਾਉਂਦੇ ਹਨ। ਇਸ ਦੇ ਲਈ ਬਹੁਤ ਸਮੇਂ ਦਾ ਦੇਹ ਰੂਪੀ ਚੋਲੇ ਤੋਂ ਨਿਆਰਾ ਬਣਨ ਦਾ ਅਭਿਆਸ ਹੋਵੇ। ਇਹ ਕਪੜਾ ਦੁਨੀਆ ਦੀ ਅਤੇ ਮਾਇਆ ਦੀ ਆਕਰਸ਼ਣ ਵਿਚ ਟਾਇਟ ਮਤਲਬ ਖਿੱਚਿਆ ਹੋਇਆ ਨਾ ਹੋਵੇ ਤਾਂ ਸਹਿਜ ਉਤਰੇਗਾ।

ਸਲੋਗਨ:- ਸਰਵ ਦਾ ਮਾਣ ਪ੍ਰਾਪਤ ਕਰਨ ਦੇ ਲਈ ਨਿਰਮਾਣਚਿੱਤ ਬਣੀ - ਨਿਰਮਾਣਤਾ ਮਹਾਨਤਾ ਦੀ ਨਿਸ਼ਾਨੀ ਹੈ।

******

" ਮਾਤੇਸ਼ਵਰੀ ਜੀ ਦੇ ਅਨਮੋਲ ਮਹਾਂਵਾਕ "

1). ਈਸ਼ਵਰ ਸ੍ਰਵਵਿਆਪੀ ਨਹੀਂ ਹੈ , ਉਸ ਦਾ ਪ੍ਰਮਾਣ ਕੀ ਹੈ ? ਸ਼ਿਰੋਮਣੀ ਗੀਤਾ ਵਿੱਚ ਜੋ ਭਗਵਾਨੁਵਾਚ ਹੈ ਬੱਚੇ, ਜਿੱਥੇ ਜਿੱਤ ਹੈ ਉੱਥੇ ਮੈ ਹਾਂ, ਇਹ ਵੀ ਪਰਮਾਤਮਾ ਦੇ ਮਹਾਂਵਾਕ ਹੈ। ਪਹਾੜਾਂ ਵਿੱਚ ਜੋ ਹਿਮਾਲਯ ਪਹਾੜ ਹੈ ਉਸ ਵਿੱਚ ਮੈਂ ਹਾਂ ਅਤੇ ਸੱਪਾਂ ਵਿੱਚ ਕਾਲੀ ਨਾਗ ਵਿੱਚ ਹਾਂ ਇਸਲਈ ਪ੍ਰਵਤ ਵਿੱਚ ਉੱਚਾ ਪ੍ਰਵਤ ਕੈਲਾਸ਼ ਪ੍ਰਵਤ ਵਿਖਾਉਂਦੇ ਹਨ ਅਤੇ ਸੱਪਾਂ ਵਿੱਚ ਕਾਲੀ ਨਾਗ, ਤਾਂ ਇਸ ਤੋਂ ਸਿੱਧ ਹੈ ਕਿ ਪਰਮਾਤਮਾ ਜੇ ਸਰਵ ਸੱਪਾਂ ਕੇਵਲ ਕਾਲੇ ਨਾਗ ਵਿੱਚ ਹੈ, ਤਾਂ ਸਰਵ ਸੱਪਾਂ ਵਿੱਚ ਉਸ ਦਾ ਵਾਸ ਨਹੀਂ ਹੋਇਆ ਨਾ। ਜੇ ਪਰਮਾਤਮਾ ਉੱਚ ਤੇ ਉੱਚੇ ਪਹਾੜ ਵਿੱਚ ਹੈ ਗੋਇਆ ਥੱਲੇ ਪਹਾੜਾਂ ਵਿੱਚ ਨਹੀਂ ਹੈ ਅਤੇ ਫਿਰ ਕਹਿੰਦੇ ਹਨ ਜਿੱਥੇ ਜਿੱਤ ਉੱਥੇ ਮੇਰਾ ਜਨਮ, ਗੋਇਆ ਹਰ ਵਿੱਚ ਨਹੀਂ ਹਾਂ। ਹੁਣ ਇਹ ਗੱਲਾਂ ਸਿੱਧ ਕਰਦੀਆਂ ਹਨ ਕਿ ਪਰਮਾਤਮਾ ਸ੍ਰਵਵਿਆਪੀ ਨਹੀਂ ਹੈ। ਇੱਕ ਪਾਸੇ ਇਵੇਂ ਵੀ ਕਹਿੰਦੇ ਹਨ ਅਤੇ ਦੂਜੇ ਪਾਸੇ ਇਵੇਂ ਵੀ ਕਹਿੰਦੇ ਹਨ ਕਿ ਪਰਮਾਤਮਾ ਦੇ ਅਨੇਕ ਰੂਪ ਹਨ। ਜਿਵੇਂ ਪਰਮਾਤਮਾ ਨੂੰ 24 ਅਵਤਾਰਾਂ ਵਿੱਚ ਵਿਖਾਇਆ ਹੈ, ਕਹਿੰਦੇ ਹਨ ਕੱਛ - ਮੱਛ ਆਦਿ ਸਭ ਰੂਪ ਪਰਮਾਤਮਾ ਦੇ ਹਨ, ਹੁਣ ਇਹ ਹੈ ਉਨ੍ਹਾਂ ਦਾ ਮਿਥਿਆ ਗਿਆਨ, ਇਵੇਂ ਹੀ ਪਰਮਾਤਮਾ ਨੂੰ ਸ੍ਰਵਤਰ ਸਮਝ ਬੈਠੇ ਹਨ ਜੱਦ ਕਿ ਇਸ ਸਮੇਂ ਕਲਯੁਗ ਵਿੱਚ ਸ੍ਰਵਤਰ ਮਾਇਆ ਹੀ ਵਿਆਪਕ ਹੈ ਤਾਂ ਫਿਰ ਪਰਮਾਤਮਾ ਵਿਆਪਕ ਕਿਵੇਂ ਠਹਿਰਿਆ? ਗੀਤਾ ਵਿੱਚ ਵੀ ਕਹਿੰਦੇ ਹਨ ਕਿ ਮੈਂ ਫਿਰ ਮਾਇਆ ਵਿੱਚ ਵਿਆਪਕ ਨਹੀਂ ਹਾਂ, ਇਸ ਨਾਲ ਸਿੱਧ ਹੈ ਕਿ ਪਰਮਾਤਮਾ ਸ੍ਰਵਤਰ ਨਹੀਂ ਹੈ।

2) ਨਿਰਾਕਾਰੀ ਦੁਨੀਆਂ - ਆਤਮਾ ਅਤੇ ਪਰਮਾਤਮਾ ਦੇ ਰਹਿਣ ਦਾ ਸਥਾਨ:- ਹੁਣ ਇਹ ਤਾਂ ਅਸੀਂ ਜਾਣਦੇ ਹਾਂ ਕਿ ਜੱਦ ਅਸੀਂ ਨਿਰਾਕਾਰੀ ਦੁਨੀਆਂ ਕਹਿੰਦੇ ਹਾਂ ਤਾਂ ਨਿਰਾਕਾਰ ਦਾ ਅਰਥ ਇਹ ਨਹੀਂ ਕਿ ਉਨ੍ਹਾਂ ਦਾ ਕੋਈ ਆਕਾਰ ਨਹੀਂ ਹੈ, ਜਿਵੇਂ ਅਸੀਂ ਨਿਰਾਕਾਰੀ ਦੁਨੀਆਂ ਕਹਿੰਦੇ ਹਾਂ ਤਾਂ ਇਸ ਦਾ ਮਤਲਬ ਹੈ ਜਰੂਰ ਕੋਈ ਦੁਨੀਆਂ ਹੈ, ਪਰ ਉਸ ਦਾ ਸਥੂਲ ਸ੍ਰਿਸ਼ਟੀ ਮੁਅਫਿਕ ਆਕਾਰ ਨਹੀਂ ਹੈ, ਇਵੇਂ ਪਰਮਾਤਮਾ ਨਿਰਾਕਾਰ ਹੈ ਪਰ ਉਨ੍ਹਾਂ ਦਾ ਆਪਣਾ ਸੂਕ੍ਸ਼੍ਮ ਰੂਪ ਜਰੂਰ ਹੈ। ਤਾਂ ਅਸੀਂ ਆਤਮਾ ਅਤੇ ਪਰਮਾਤਮਾ ਦਾ ਧਾਮ ਨਿਰਾਕਾਰੀ ਦੁਨੀਆਂ ਹੈ। ਤਾਂ ਜੱਦ ਅਸੀਂ ਦੁਨੀਆਂ ਅੱਖਰ ਕਹਿੰਦੇ ਹਾਂ, ਤਾਂ ਇਸ ਨਾਲ ਸਿੱਧ ਹੈ ਉਹ ਦੁਨੀਆਂ ਹੈ ਅਤੇ ਉੱਥੇ ਰਹਿੰਦਾ ਹੈ ਤਾਂ ਹੀ ਤੇ ਦੁਨੀਆਂ ਨਾਮ ਪੈਂਦਾ ਹੈ, ਹੁਣ ਦੁਨਿਆਵੀ ਲੋਕ ਤਾਂ ਸਮਝਦੇ ਹਨ ਪਰਮਾਤਮਾ ਦਾ ਰੂਪ ਵੀ ਅਖੰਡ ਜਯੋਤੀ ਤਤ੍ਵ ਹੈ, ਉਹ ਹੋਇਆ ਪਰਮਾਤਮਾ ਦੇ ਰਹਿਣ ਦਾ ਠਿਕਾਣਾ, ਜਿਸਨੂੰ ਰਿਟਾਇਰਡ ਹੋਮ ਕਹਿੰਦੇ ਹਨ। ਤਾਂ ਅਸੀਂ ਪਰਮਾਤਮਾ ਦੇ ਘਰ ਨੂੰ ਪਰਮਾਤਮਾ ਨਹੀਂ ਕਹਿ ਸਕਦੇ ਹਾਂ। ਹੁਣ ਦੂਜੀ ਹੈ ਆਕਾਰੀ ਦੁਨੀਆਂ, ਜਿੱਥੇ ਬ੍ਰਹਮਾ ਵਿਸ਼ਨੂੰ ਸ਼ੰਕਰ ਦੇਵਤਾ ਆਕਾਰੀ ਰੂਪ ਵਿੱਚ ਰਹਿੰਦੇ ਹਨ ਅਤੇ ਇਹ ਹੈ ਸਕਾਰੀ ਦੁਨੀਆਂ, ਜਿਨ੍ਹਾਂ ਦੇ ਦੋ ਭਾਗ ਹਨ - ਇੱਕ ਹੈ ਨਿਰਵਿਕਾਰੀ ਸ੍ਰਗ ਦੀ ਦੁਨੀਆਂ ਜਿੱਥੇ ਅੱਧਾਕਲਪ ਸ੍ਰਦਾ ਸੁੱਖ ਹੈ, ਪਵਿੱਤਰਤਾ ਅਤੇ ਸ਼ਾਂਤੀ ਹੈ। ਦੂਜੀ ਹੈ ਵਿਕਾਰੀ ਕਲਯੁਗੀ ਦੁੱਖ ਅਤੇ ਅਸ਼ਾਂਤੀ ਦੀ ਦੁਨੀਆਂ। ਹੁਣ ਉਹ ਦੋ ਦੁਨੀਆਵਾਂ ਕਿਓਂ ਕਹਿੰਦੇ ਹਨ? ਕਿਓਂਕਿ ਇਹ ਜੋ ਮਨੁੱਖ ਆਤਮਾਵਾਂ ਆਪਣੇ ਆਪ ਨੂੰ ਅਤੇ ਮੈਨੂੰ ਪਰਮਾਤਮਾ ਨੂੰ ਭੁੱਲਣ ਦੇ ਕਾਰਨ ਇਹ ਹਿਸਾਬ ਕਿਤਾਬ ਭੋਗ ਰਹੇ ਹਨ। ਬਾਕੀ ਇਵੇਂ ਨਹੀਂ ਜਿਸ ਸਮੇਂ ਸੁੱਖ ਅਤੇ ਪੁੰਨ ਦੀ ਦੁਨੀਆਂ ਹੈ ਉੱਥੇ ਕੋਈ ਸ੍ਰਿਸ਼ਟੀ ਨਹੀਂ ਚਲਦੀ। ਹਾਂ, ਜਰੂਰ ਜੱਦ ਅਸੀਂ ਕਹਿੰਦੇ ਹਾਂ ਕਿ ਉੱਥੇ ਦੇਵਤਾਵਾਂ ਦਾ ਨਿਵਾਸ ਸਥਾਨ ਸੀ, ਤਾਂ ਉੱਥੇ ਸਭ ਪ੍ਰਵ੍ਰਿਤੀ ਚਲਦੀ ਸੀ ਪਰ ਇੰਨਾ ਜਰੂਰ ਸੀ ਉੱਥੇ ਵਿਕਾਰੀ ਪੈਦਾਇਸ਼ ਨਹੀਂ ਸੀ ਜਿਸ ਕਾਰਨ ਇਤਨਾ ਕਰਮਬੰਧਨ ਨਹੀਂ ਸੀ। ਉਸ ਦੁਨੀਆਂ ਨੂੰ ਕਰਮਬੰਧਨ ਰਹਿਤ ਸ੍ਰਗ ਦੀ ਦੁਨੀਆਂ ਕਹਿੰਦੇ ਹਨ। ਤਾਂ ਇੱਕ ਹੈ ਨਿਰਾਕਾਰੀ ਦੁਨੀਆਂ, ਦੂਜੀ ਹੈ ਆਕਾਰੀ ਦੁਨੀਆਂ, ਤੀਜੀ ਹੈ ਸਾਕਾਰੀ ਦੁਨੀਆਂ। ਅੱਛਾ - ਓਮ ਸ਼ਾਂਤੀ।

ਇਹ ਅਵਿਅਕਤ ਇਸ਼ਾਰੇ - "ਨਿਸ਼ਚੇ ਦੇ ਫਾਉਂਡੇਸ਼ਨ ਨੂੰ ਮਜ਼ਬੂਤ ਕਰ ਸਦਾ ਨਿਰਭੈ ਅਤੇ ਨਿਸ਼ਚਿੰਤ ਰਹੋ"

ਸਾਕਾਰ ਵਿਚ ਜੇਕਰ ਕੋਈ ਨਿਮਿਤ ਸ੍ਰੇਸ਼ਠ ਆਤਮਾ ਨਾਲ ਹੁੰਦੀ ਹੈ ਤਾਂ ਉਨ੍ਹਾਂ ਨਾਲ ਕੋਈ ਵੀ ਗਲ ਵੈਰੀਫਾਈ ਕਰਵਾ ਕੇ ਕਰੋਗੇ ਤਾਂ

ਨਿਸ਼ਚੇਬੁੱਧੀ ਹੋਕੇ ਕਰੋਗੇ। ਨਿਭੇਤਾ ਅਤੇ ਨਿਸ਼ਚੇ ਦੋਵੇਂ ਗੁਣਾਂ ਨੂੰ ਸਾਮ੍ਹਣੇ ਰੱਖ ਕਰੋਗੇ। ਤਾਂ ਜਿੱਥੇ ਸਦਾ ਨਿਸ਼ਚੇ ਅਤੇ ਨਿਰਭੈਤਾ ਹੈ ਉਥੇ ਸਦਾ ਸ੍ਰੇਸ਼ਠ ਸੰਕਲਪ ਦੀ ਵਿਜੇ ਹੈ। ਜੋ ਵੀ ਸੰਕਲਪ ਕਰਦੇ ਹੋ, ਜੇਕਰ ਸਦਾ ਨਿਰਾਕਾਰ ਅਤੇ ਸਾਕਾਰ ਨਾਲ ਅਤੇ ਸਨਮੁੱਖ ਹੈ, ਤਾਂ ਵੈਰੀਫਾਈ ਕਰਾਉਣ ਤੋਂ ਬਾਅਦ ਨਿਸ਼ਚੇ ਅਤੇ ਨਿਰਭੈਤਾ ਨਾਲ ਕਰੋ, ਇਸ ਨਾਲ ਸਮੇਂ ਵੀ ਵੇਸਟ ਨਹੀਂ ਜਾਵੇਗਾ